# ਔਕਸੋ-ਡੀਗਰੇਡੇਬਲ ਪਲਾਸਟਿਕਾਂ




SINGLE-USE & PLASTIC WASTE PREVENTION REGULATION

gov.bc.ca/reuse

**ਔਕਸੋ-ਡੀਗਰੇਡੇਬਲ ਪਲਾਸਟਿਕਾਂ ਕੀ ਹਨ?**

ਔਕਸੋ-ਡੀਗਰੇਡੇਬਲ ਪਲਾਸਟਿਕਾਂ (ਔਕਸੋ-ਬਾਈਓਡੀਗਰੇਡੇਬਲ ਪਲਾਸਟਿਕਾਂ ਸਮੇਤ) ਵਿੱਚ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜੋ ਔਕਸੀਡੇਸ਼ਨ ਰਾਹੀਂ ਛੋਟੇ ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦੀਆਂ ਹਨ, ਅਤੇ ਪਿੱਛੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਮਾਈਕਰੋਪਲਾਸਟਿਕਾਂ ਰਹਿ ਜਾਂਦੀਆਂ ਹਨ। ਬਹੁਤੀ ਵਾਰ ਉਹਨਾਂ ਦੇ ਡੀਗਰੇਡ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਮ ਤੌਰ 'ਤੇ ਉਹਨਾਂ ਵਸਤਾਂ ਵਿੱਚ ਵਰਤਿਆ ਜਾਂਦਾ ਹੈ ਜਿਹਨਾਂ ਨੂੰ ਬਾਈਓਡੀਗਰੇਡੇਬਲ, ਗਰੀਨ ਜਾਂ ਈਕੋ-ਫਰੈਂਡਲੀ (ਵਾਤਾਵਰਨ ਲਈ ਚੰਗੀਆਂ) ਦੇ ਤੌਰ 'ਤੇ ਮਾਰਕੀਟ ਕੀਤਾ ਜਾਂਦਾ ਹੈ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ?

**ਮਨ੍ਹਾ**

15 ਜੁਲਾਈ 2024 ਤੋਂ ਬੀ. ਸੀ. ਦੇ ਕਾਰੋਬਾਰ ਔਕਸੋ-ਡੀਗਰੇਡੇਬਲ ਪਲਾਸਟਿਕਾਂ ਵਾਲੀ ਕਿਸੇ ਵੀ ਤਰ੍ਹਾਂ ਦੀ ਪੈਕਜਿੰਗ ਜਾਂ ਇਕ ਵਾਰ ਵਰਤੀਆਂ ਜਾਣ ਵਾਲੀਆਂ (ਵਰਤ ਕੇ ਸੁੱਟਣ ਵਾਲੀਆਂ) ਵਸਤਾਂ ਵੇਚ ਜਾਂ ਵੰਡ ਨਹੀਂ ਸਕਦੇ। ਇਸ ਦਾ ਰਵਾਇਤੀ ਪਲਾਸਟਿਕਾਂ ਦੀਆਂ ਬਣੀਆਂ ਵਸਤਾਂ ਉੱਪਰ ਕੋਈ ਅਸਰ ਨਹੀਂ ਹੈ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

1. **ਔਕਸੋ-ਡੀਗਰੇਡੇਬਲ ਪਲਾਸਟਿਕ ਵਾਲੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਵਸਤਾਂ ਵੇਚਣੀਆਂ ਬੰਦ ਕਰੋ**

   ਆਪਣੇ ਸਪਲਾਇਰਾਂ ਨਾਲ ਗੱਲ ਕਰੋ, ਅਤੇ ਇਕ ਵਾਰ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਉਹਨਾਂ ਸਾਰੀਆਂ ਵਸਤਾਂ ਦੇ ਲੇਬਲ ਦੇਖੋ ਜਿਹੜੀਆਂ ਵਸਤਾਂ ਤੁਸੀਂ ਵੇਚਦੇ ਜਾਂ ਵੰਡਦੇ ਹੋ।

2. **ਔਕਸੋ-ਡੀਗਰੇਡੇਬਲ ਪਲਾਸਟਿਕ ਵਾਲੀ ਪੈਕਜਿੰਗ ਦੇਣੀ ਬੰਦ ਕਰੋ**

   ਗਾਹਕਾਂ ਨੂੰ ਔਕਸੋ-ਡੀਗਰੇਡੇਬਲ ਪਲਾਸਟਿਕਾਂ ਤੋਂ ਪੂਰੀ ਤਰ੍ਹਾਂ ਜਾਂ ਅਸ਼ੰਕ ਰੂਪ ਵਿੱਚ ਬਣੀਆਂ ਇਕ ਵਾਰ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਾਂ ਪੈਕਜਿੰਗ ਨਾ ਦਿਉ[

ਨਿਯਮ ਅਧੀਨ ਇਨ੍ਹਾਂ ਚੀਜ਼ਾਂ ਨੂੰ ਛੋਟ ਹੈ, ਅਤੇ ਇਨ੍ਹਾਂ ਨੂੰ ਵਰਤਣਾ ਜਾਰੀ ਰੱਖਿਆ ਜਾ ਸਕਦਾ ਹੈ।

**ਛੋਟਾਂ**

ਔਕਸੋ-ਡੀਗਰੇਡੇਬਲ ਪਲਾਸਟਿਕ ਵਾਲੇ ਮੈਡੀਕਲ ਯੰਤਰ

ਬੀ. ਸੀ. ਤੋਂ ਬਾਹਰ ਵੇਚਣ ਜਾਂ ਵੰਡਣ ਲਈ ਬਣਾਈਆਂ ਔਕਸੋ-ਡੀਗਰੇਡੇਬਲ ਪਲਾਸਟਿਕ ਦੀਆਂ ਚੀਜ਼ਾਂ

## ਔਕਸੋ-ਡੀਗਰੇਡੇਬਲ ਪਲਾਸਟਿਕਾਂ ਉਸ ਪੈਕਜਿੰਗ ਅਤੇ ਵਰਤ ਕੇ ਸੁੱਟ ਦੇਣ ਵਾਲੀਆਂ ਵਸਤਾਂ ਵਿੱਚ ਮਿਲ ਸਕਦੀਆਂ ਹਨ ਜਿਹਨਾਂ ਬਾਰੇ ਡੀਗਰੇਡ ਜਾਂ ਟੁੱਕੜੇ ਟੁੱਕੜੇ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਜਿਵੇਂ:



ਡੌਗ-ਵੇਸਟ ਬੈਗ



ਗਾਰਬੇਜ ਬੈਗ



ਡਰਾਈ-ਕਲੀਨਿੰਗ ਵਾਲੇ ਬੈਗ

## ਸਵੀਕਾਰਯੋਗ ਚੀਜ਼ਾਂ ’ਤੇ ਆਮ ਤੌਰ ’ਤੇ ਅੱਗੇ ਦਿੱਤੇ ਲੇਬਲ ਲੱਗੇ ਹੁੰਦੇ ਹਨ:

| | |
|---|---|
| ਰੀਸਾਈਕਲ ਕੀਤੀ ਸਮੱਗਰੀ ਤੋਂ ਬਣਾਈਆਂ ਗਈਆਂ ਹਨ | ✔ |
| ਪੀ ਈ (ਪੌਲੀਐਥਲੀਨ) ਤੋਂ ਬਣਾਈਆਂ ਗਈਆਂ ਹਨ | ✔ |
| ਐੱਲ ਡੀ ਪੀ ਈ (ਲੋਅ ਡੈਨਸਿਟੀ ਪੌਲੀਐਥਲੀਨ) ਤੋਂ ਬਣਾਈਆਂ ਗਈਆਂ ਹਨ | ✔ |

## ਜਿਹੜੀਆਂ ਚੀਜ਼ਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ, ਉਹਨਾਂ ’ਤੇ ਆਮ ਤੌਰ ’ਤੇ ਅੱਗੇ ਦਿੱਤੇ ਲੇਬਲ ਲੱਗੇ ਹੁੰਦੇ ਹਨ:

| | |
|---|---|
| ਔਕਸੋ-ਡੀਗਰੇਡੇਬਲ | ✖ |
| ਔਕਸੋ-ਬਾਈਓਡੀਗਰੇਡੇਬਲ | ✖ |
| ਬਾਈਓਡੀਗਰੇਡੇਬਲ | ✖ |
| ਡੀਗਰੇਡੇਬਲ | ✖ |
| ਔਕਸੋ-ਪਲਾਸਟਿਕ | ✖ |

## ਇਹ ਤੱਥ ਸ਼ੀਟ, ਨਿਯਮ ਦੀ ਪਾਲਣਾ ਕਰਨ ਵਿੱਚ ਬੀ. ਸੀ. ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਕ ਟੂਲਕਿੱਟ ਦਾ ਹਿੱਸਾ ਹੈ।

**ਇਕ ਵਾਰ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੇ ਬਦਲ ਲੱਭ ਰਹੇ ਹੋ?** ਬਦਲਾਂ ਲਈ ਸਾਡੀ ਸੌਖੀ ਗਾਈਡ, ਅਤੇ ਇਸ ਦੇ ਨਾਲ ਨਾਲ ਬੰਦਸ਼ਾਂ ਵਾਲੀਆਂ ਹੋਰ ਚੀਜ਼ਾਂ ਬਾਰੇ ਤੱਥ ਸ਼ੀਟਾਂ ਅਤੇ ਹੋਰ ਛਪਣਯੋਗ ਟੂਲਜ਼ ਲਉ - ਜਿਨ੍ਹਾਂ ਵਿੱਚ ਉਹ ਪੋਸਟਰ ਅਤੇ ਸਾਈਨ ਵੀ ਸ਼ਾਮਲ ਹਨ ਜਿਹੜੇ ਤੁਸੀਂ ਆਪਣੇ ਸਟਾਫ ਅਤੇ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਵਰਤ ਸਕਦੇ ਹੋ - gov.bc.ca/reuse. ’ਤੇ।



*ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਅਤੇ ਪਲਾਸਟਿਕ ਦੇ ਗਾਰਬੇਜ ਤੋਂ ਰੋਕਥਾਮ ਲਈ ਨਿਯਮ ਰਾਹੀਂ, ਬੀ. ਸੀ. ਬਹੁਤ ਸਾਰੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਰੀਸਾਈਕਲ ਕਰਨ ਲਈ ਔਖੀਆਂ ਚੀਜ਼ਾਂ ਨੂੰ ਹੌਲੀ ਹੌਲੀ ਘਟਾ ਰਿਹਾ ਹੈ - ਗਾਰਬੇਜ ਘਟਾਉਂਦੇ ਹੋਏ, ਸਾਡੇ ਵਾਤਾਵਰਣ ਦੀ ਰਖਵਾਲੀ ਕਰਦੇ ਹੋਏ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਲਈ ਇਕ ਸਾਫ-ਸੁਥਰਾ ਭਵਿੱਖ ਬਣਾਉਂਦੇ ਹੋਏ।*

BRITISH COLUMBIA

Ministry of Environment and Climate Change Strategy